# ਬੋਹਲ ਦੀ ਰਾਖੀ ਬੱਕਰਾ

ਕੁਝ ਦਿਨ ਪਹਿਲਾਂ ਦਿੱਲੀ ਵਿਚ ਕਿਸਾਨਾਂ, ਕਬਾਇਲੀ ਲੋਕਾਂ ਅਤੇ ਬੇਜ਼ਮੀਨੇ ਖੇਤ ਮਜ਼ਦੂਰਾਂ ਨੇ ਇਕ ਵੱਡਾ ਰੋਸ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿਚ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਵਿਚੋਂ ਹਜ਼ਾਰਾਂ ਹੀ ਲੋਕਾਂ ਨੇ ਸ਼ਿਰਕਤ ਕੀਤੀ। ਕਿਸਾਨਾਂ ਦੀ ਮੰਗ ਸੀ ਕਿ ਉਨ੍ਹਾਂ ਦੇ ਭੈੜੇ ਹਾਲਾਤ ਦਾ ਇਲਾਜ ਕੀਤਾ ਜਾਵੇ। ਕਿਸਾਨਾਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਲੋਕਾਂ ਅਤੇ ਕਬਾਇਲੀ ਲੋਕਾਂ ਦੇ ਭੈੜੇ ਹਾਲ ਤੋਂ ਸਭ ਜਾਣੂ ਹਨ ਅਤੇ ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਇਨ੍ਹਾਂ ਦਾ ਹਾਲ ਦਿਨੋਂ ਦਿਨ ਮਾੜਾ ਹੁੰਦਾ ਜਾ ਰਿਹਾ ਹੈ। ਇਹ ਹਾਲਾਤ ਇਸ ਕਦਰ ਭੈੜੇ ਹੋ ਗਏ ਹਨ ਕਿ ਹਜ਼ਾਰਾਂ ਹੀ ਕਿਸਾਨ ਖ਼ੁਦਕਸ਼ੀ ਕਰਨ ਤੇ ਵੀ ਮਜਬੂਰ ਹੋ ਗਏ ਹਨ। ਪਰ ਹਿੰਦੁਸਤਾਨ ਦੀ ਸਰਕਾਰ ਅਤੇ ਰਾਜਤੰਤ੍ਰ ਕਿਸਾਨਾਂ ਦੇ ਮਸਲਿਆਂ ਵੱਲ ਕੋਈ ਧਿਆਨ ਨਹੀਂ ਦਿੰਦਾ ਅਤੇ ਨਾ ਹੀ ਇਨ੍ਹਾਂ ਦੀ ਇਸ ਮਸਲੇ ਬਾਰੇ ਕੋਈ ਦਿਲਚਸਪੀ ਹੀ ਹੈ। ਪਿਛਲੇ 60 ਸਾਲਾਂ ਤੋਂ ਜਦੋਂ ਵੀ ਕਿਸਾਨਾਂ ਦੀ ਜੱਦੋ-ਜਹਿਦ ਤੇਜ਼ ਹੁੰਦੀ ਹੈ ਤਾਂ ਉਸ ਨੂੰ ਠੰਢਾ ਕਰਨ ਲਈ ਇਹ ਉਸੇ ਵਕਤ ਕੋਈ ਇਹੋ ਜਿਹੀ ਕਮੇਟੀ ਜਾਂ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੰਦੇ ਹਨ ਜੋ ਕਿ ਕਿਸਾਨਾਂ ਦੇ ਅਤੇ ਪਿੰਡਾਂ ਦੇ ਲੋਕਾਂ ਦੇ ਮਸਲਿਆਂ ਤੇ ਗੌਰ ਕਰੇਗੀ। ਪਰ ਇਨ੍ਹਾਂ ਕਮਿਸ਼ਨਾਂ ਕਮੇਟਿਆਂ ਨਾਲ ਲੋਕਾਂ ਦਾ ਕਦੇ ਕੁਝ ਵੀ ਨਹੀਂ ਬਣਦਾ।

ਇਸ ਵਾਰ ਵੀ ਕਿਸਾਨਾਂ ਦੇ ਮੁਜ਼ਾਹਰੇ ਬਾਅਦ ਸਰਕਾਰ ਨੇ ਇਕ ਨਵੀਂ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ ਅਤੇ ਇਹ ਵੀ ਐਲਾਨ ਕੀਤਾ ਹੈ ਕਿ ਇਸ ਕਮੇਟੀ ਦਾ ਸਦਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੋਵੇਗਾ ਅਤੇ ਇਹ ਕਮੇਟੀ ਕਿਸਾਨਾਂ ਅਤੇ ਕਬਾਇਲੀ ਲੋਕਾਂ ਦੇ ਮਸਲਿਆਂ ਉੱਤੇ ਗੌਰ ਕਰੇਗੀ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਤਰੀਕੇ ਲੱਭੇਗੀ ਅਤੇ ਲੋੜੀਂਦਾ ਕਦਮ ਚੁੱਕਣ ਦੀ ਸਿਫ਼ਾਰਸ਼ ਕਰੇਗੀ। ਪਰ ਇਤਹਾਸ ਗਵਾਹ ਹੈ ਕਿ ਪਹਿਲਾਂ ਵਾਂਗ ਇਹ ਕਮੇਟੀ ਵੀ ਇਕ ਵਾਰ ਫਿਰ ਪਿੰਡਾ ਦੇ ਭਖਦੇ ਮਸਲਿਆਂ ਤੇ ਮਿੱਟੀ ਪਾਉਣ ਲਈ ਅਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੀ ਬਣਾਈ ਗਈ ਹੈ। ਪਿਛਲੇ 60 ਸਾਲਾਂ ਵਿਚ ਕਈ ਦਰਜਨਾਂ ਕਮੇਟੀਆਂ ਅਤੇ ਕਮਿਸ਼ਨਾਂ ਵਾਂਗ ਇਹ ਕਮੇਟੀ ਵੀ ਕੋਈ ਰਿਪੋਰਟ ਲਿਖੇਗੀ ਜਿਹੜੀ ਕਿਸੇ ਸਰਕਾਰੀ ਦਫ਼ਤਰ ਵਿਚ ਪਈ ਰਹੇਗੀ ਤੇ ਮਿੱਟੀ ਕੱਠੀ ਕਰਦੀ ਰਹੇਗੀ।

ਅਸਲੀਅਤ ਤਾਂ ਇਹ ਹੈ ਕਿ ਪਿੰਡਾ ਦੇ ਲੋਕਾਂ ਅਤੇ ਕਿਸਾਨਾਂ ਦੇ ਭੈੜਾ ਹਾਲ ਇਸ ਲਈ ਹੈ ਕਿਉਂਕਿ ਰਾਜਤੰਤ੍ਰ ਅਤੇ ਸਰਕਾਰ ਵਲੋਂ ਪਿੰਡਾਂ ਤੇ ਠੋਸੇ ਗਏ ਆਰਥਕ ਅਤੇ ਸਮਾਜੀ ਰਿਸ਼ਤੇ ਹਨ ਅਜਿਹੇ ਹਨ ਜੋ ਆਮ ਲੋਕਾਂ ਦੀ ਲੁਟ ਦਾ ਕਾਰਨ ਹਨ। ਰਾਜਤੰਤ੍ਰ ਕਿਸਾਨਾਂ ਅਤੇ ਲੋਕਾਂ ਦੀ ਲੁੱਟ ਦਾ ਇਕ ਹਥਿਆਰ ਹੈ। ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਇਸ ਲੁੱਟ ਦੇ ਕਾਰਕੁਨ ਹਨ। ਇਸ ਲੁੱਟ ਖਸੁੱਟ ਦੇ ਰਿਸ਼ਤਿਆਂ ਨੂੰ ਬਰਕਰਾਰ ਰੱਖਣ ਦੇ ਇਲਾਵਾ ਇਨ੍ਹਾਂ ਦਾ ਕੋਈ ਕੰਮ ਹੈ ਹੀ ਨਹੀਂ। ਪਿਛਲੇ 60 ਸਾਲਾਂ ਤੋਂ ਭਾਵੇਂ ਇਨ੍ਹਾਂ ਨੇ ਸੋਸ਼ਲਿਜ਼ਮ ਦਾ ਨਾਅਰਾ ਵੀ ਲਾਇਆ ਹੈ, ਗਰੀਬੀ ਹਟਾਉਣ ਦਾਬ ਵੀ ਅਤੇ ਡਿਵੈਲਪਮੈਂਟ ਜਾਂ ਨਿੱਜੀਕਰਨ ਦਾ ਵੀ। ਪਰ ਇਨ੍ਹਾਂ ਨਾਅਰਿਆਂ ਦੀ ਆੜ ਵਿਚ ਕਿਸਾਨਾਂ ਅਤੇ ਹੋਰ ਕਿਰਤੀਆਂ ਦੀ ਛਿੱਲ ਹੀ ਲਾਹੀ ਹੈ। ਅਤੇ ਇਨ੍ਹਾਂ ਆਰਥਕ ਤੇ ਸਮਾਜੀ ਰਿਸ਼ਤਿਆਂ ਦੇ ਮੌਜੂਦ ਰਹਿੰਦਿਆਂ ਇੰਜ ਹੀ ਹੁੰਦਾ ਰਹੇਗਾ।

ਲੋਕਾਂ ਦੇ ਸੰਘਰਸ਼ ਨੂੰ ਖੁੰਢਾ ਕਰਨ ਲਈ ਹੁਣ ਮਨਮੋਹਨ ਸਿੰਘ ਦੀ ਪ੍ਰਧਾਨਗੀ ਦੀ ਇਹ ਕਮੇਟੀ ਬੋਹਲ ਦਾ ਰਾਖਾ ਬੱਕਰਾ ਬਣਾਉਣ ਵਾਲੀ ਹੀ ਗੱਲ ਹੈ। ਕਿਸਾਨਾਂ ਅਤੇ ਪਿੰਡਾ ਦੇ ਲੋਕਾਂ ਦਾ ਮਨਮੋਹਨ ਸਿੰਘ ਦੀ ਕਮੇਟੀ ਜਾਂ ਕਿਸੇ ਹੋਰ ਕਮੇਟੀ ਨੇ ਕੁਝ ਵੀ ਨਹੀਂ ਸੁਆਰਨਾ। ਇਹ ਰਾਜਤੰਤ੍ਰ ਅਤੇ ਸਰਕਾਰ ਉਨ੍ਹਾਂ ਹਾਲਾਤਾਂ ਨੂੰ ਬਦਲਣ ਵਿਚ ਕੋਈ ਦਿਲਚਸਪੀ ਨਹੀਂ ਰਖਦੇ ਜਿਨ੍ਹਾਂ ਕਰਕੇ ਲੋਕਾਂ ਦਾ ਇਹ ਭੈੜਾ ਹਾਲ ਹੋਇਆ ਹੈ ਬਲਕਿ ਇਹ ਤਾਂ ਉਨ੍ਹਾਂ ਹਾਲਾਤ ਨੂੰ ਹੋਰ ਮਜ਼ਬੂਤ ਕਰਕੇ ਪਿੰਡਾਂ ਦੀ ਲੁੱਟ ਹੋਰ ਤੇਜ਼ ਕਰਨ ਲਈ ਹੀ ਕਾਇਮ ਅਤੇ ਪ੍ਰਤੀਬੱਧ ਹਨ। ਇਹ ਸਭ ਡਰਾਮੇਬਾਜ਼ੀ ਲੋਕਾਂ ਨੂੰ ਕੁਰਾਹੇ ਪਾਉਣ ਲਈ ਹੀ ਹੈ ਤਾਂ ਕਿ ਉਹ ਆਪਣਾ ਘੋਲ ਛੱਡ ਦੇਣ ਤੇ ਆਪਣੇ ਮਸਲਿਆਂ ਦੇ ਹੱਲ ਦੀ ਵਾਗ ਇਕ ਵਾਰ ਫਿਰ ਇਨ੍ਹਾਂ ਦੇ ਹੱਥਾਂ ਵਿਚ ਹੀ ਛੱਡ ਦੇਣ। ਕਿਸਾਨਾਂ, ਕਬਾਇਲੀ ਲੋਕਾਂ ਅਤੇ ਪਿੰਡਾ ਦੇ ਵਾਸੀਆਂ ਨੂੰ ਆਪਣੇ ਮਸਲੇ ਆਪ ਹੀ ਹੱਲ ਕਰਨੇ ਪੈਣੇ ਹਨ। ਉਹ ਮਨਮੋਹਨ ਸਿੰਘ ਦੀ ਕਮੇਟੀ ਜਾਂ ਕਿਸੇ ਹੋਰ ਕਮੇਟੀ ਤੋਂ ਕੋਈ ਆਸ ਨਹੀਂ ਰਖ ਸਕਦੇ। ਉਨ੍ਹਾਂ ਨੂੰ ਸ਼ਹਿਰਾਂ ਦੇ ਕਿਰਤੀ, ਕਰਮਚਾਰੀਆਂ ਅਤੇ ਹੋਰ ਮਜ਼ਲੂਮਾਂ ਨਾਲ ਇਕਮੁੱਠ ਹੋਕੇ ਆਪ ਹੀ ਇਹ ਮਸਲੇ ਹੱਲ ਕਰਨ ਵੱਲ ਤੁਰਨ ਦੀ ਲੋੜ ਹੈ।